ਦਫ਼ਤਰ ਜਿਲਾ ਸਿੱਖਿਆ ਅਫ਼ਸਰ (ਸੈ:ਸਿ) ਅੰਮ੍ਰਿਤਸਰ

ਵੱਲ,

ਅੰਮ੍ਰਿਤਬੀਰ ਸਿੰਘ,
ਮਕਾਨ ਨੰ.26 ਜੁਝਾਰ ਸਿੰਘ ਐਵੀਨਿਊ,
ਨੇੜੇ ਮੇ ਫਲਾਵਰ ਸਕੂਲ ਲਿੰਕ ਰੋਡ ਗੁੰਮਟਾਲਾ,
ਅੰਮ੍ਰਿਤਸਰ।

ਪੱਤਰ ਨੰ:ਜੀ-5/2017/- 714-716
ਮਿਤੀ :27/6/17

ਵਿਸ਼ਾ:- ਆਪ ਵੱਲੋਂ ਕੀਤੀ ਗਈ ਸ਼ਕਾਇਤ ਨੰ 3349 ਮਿਤੀ 13-6-17,3587/21-6-17,3588 ਅਤੇ 3595 ਮਿਤੀ 22-6-17 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪ੍ਰਿੰਸੀਪਲ ਸ.ਸ.ਸ.ਸ ਕਰਮਪੁਰਾ ਅੰਮ੍ਰਿਤਸਰ ਜੀ ਨੂੰ ਪੜਤਾਲੀਆ ਅਫ਼ਸਰ ਲਗਾਇਆ ਗਿਆ ਸੀ ।ਜਿਸ ਨੇ ਪੜਤਾਲ ਉਪਰੰਤ ਇਹ ਦੱਸਿਆ ਹੈ ਕਿ ਆਪ ਵੱਲੋਂ ਸ਼ੈਸ਼ਨ 2001-02 ਵਿੱਚ ਬਾਰਵੀਂ ਜਮਾਤ ਪ੍ਰਾਈਵੇਟ ਤੋਰ ਤੇ ਪਾਸ ਕੀਤੀ ਸੀ।ਆਪ ਦੇ ਮਾਪਿਆਂ ਦੀ ਪ੍ਰਤੀ ਬੈਨਤੀ ਨੂੰ ਵਿਚਾਰਦਿਆਂ ਹੋਇਆਂ ਮਿਤੀ 5-9-16 ਨੂੰ ਦੱਸਵੀਂ ਅਤੇ ਬਾਰਵੀਂ ਦੇ ਸਰਟੀਫ਼ਿਕੇਟਾਂ ਵਿੱਚ ਜੋ ਫਰਕ ਸੀ ਸੋਧ ਪ੍ਰੋਫਾਰਮਿਆਂ ਤੇ ਸੋਧ ਲਈ ਤਸਦੀਕ ਕਰਕੇ ਤੁਹਾਡੇ ਮਾਪਿਆਂ ਨੂੰ ਦੇ ਦਿੱਤਾ ਗਿਓ ਸੀ।ਇੰਨਕੁਆਰੀ ਦੌਰਾਨ ਸਕੂਲ ਦੇ ਸਬੰਧਿਤ ਅਧਿਕਾਰੀਆਂ ਨੂੰ ਆਪਣਾ ਪੱਖ ਪੇਸ਼ ਕਰਨ ਵਾਸਤੇ ਬੁਲਾਇਆ ਗਿਆ ਸੀ ਅਤੇ ਤੁਹਾਨੂੰ ਵੀ ਦਫ਼ਤਰ ਜਿਲਾ ਸਿੱਖਿਆ ਅਫ਼ਸਰ (ਸੈ:ਸਿ) ਜੀ ਦੇ ਪੱਤਰ ਮਿਤੀ 28-10-16 ਰਾਹੀਂ ਮਿਤੀ 02-11-16 ਨੂੰ ਸਵੇਰੇ 10 ਵਜੇ ਦਫ਼ਤਰ ਵਿਖੇ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ਸੀ। ਪ੍ਰੰਤੂ ਤੁਸੀਂ ਪੇਸ਼ ਨਹੀਂ ਹੋਏ ਅਤੇ ਆਪਣੀ ਜਗ੍ਹਾ ਤੇ ਆਪਣੀ ਮਾਤਾ ਜੀ ਨੂੰ ਭੇਜਿਆ ਸੀ।ਤੁਹਾਡੀ ਮਾਤਾ ਜੀ ਨੇ ਇਹ ਮੰਨਿਆਂ ਹੈ ਕਿ ਤੁਹਾਡਾ ਮਸਲਾ/ ਮੁਸ਼ਕਲ ਹੱਲ ਹੋ ਗਈ ਹੈ ਅਤੇ ਹੋਰ ਕੋਈ ਕਾਰਵਾਈ ਨਹੀਂ ਕਰਨੀ ਹੈ।

ਇੰਨਕੁਆਰੀ ਦੌਰਾਨ ਸਾਰੇ ਤੱਥਾਂ ਨੂੰ ਵਿਚਾਰਦੇ ਹੋਇਆਂ ਤੁਹਾਡੀ ਸ਼ਕਾਇਤ ਦਾ ਨਿਪਟਾਰਾ ਮਿਤੀ 02-03-17 ਨੂੰ ਕਰ ਦਿੱਤਾ ਗਿਆ ਹੈ।

ਜਿਲਾ ਸਿੱਖਿਆ ਅਫ਼ਸਰ(ਸੈ:ਸਿ)
ਅੰਮ੍ਰਿਤਸਰ

ਉਪਰੋਕਤ ਦਾ ਉਤਾਰਾ ਮਾਣਯੋਗ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਜਿਲਾ ਸਿੱਖਿਆ ਅਫ਼ਸਰ(ਸੈ:ਸਿ)
ਅੰਮ੍ਰਿਤਸਰ